ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

## ਹੁਕਮ

ਸਿੱਖਿਆ ਵਿਭਾਗ (ਸਕੂਲਜ਼) ਵੱਲੋਂ ਸਿੱਧੀ ਭਰਤੀ ਰਾਹੀਂ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਦੁਆਰਾ ਬਤੌਰ ਪੀ.ਈ.ਐਸ ਗੁਰੱਪ-ਏ (ਸਕੂਲ ਅਤੇ ਇਸਪੇਕਸ਼ਨ) ਚੁਣੇ ਗਏ, ਵੇਟਿੰਗ ਲਿਸਟ ਵਿੱਚੋਂ ਹੇਠ ਲਿਖੇ ਉਮੀਦਵਾਰ ਨੂੰ ਪੀ.ਈ.ਐਸ (ਸਕੂਲ ਤੇ ਇੰਸਪੇਕਸ਼ਨ ਕੇਡਰ) ਗਰੁੱਪ-ਏ ਰੂਲਜ਼, 2018 ਅਨੁਸਾਰ ਪ੍ਰੋਵੀਜ਼ਨਲ ਤੌਰ ਤੇ ਬਤੌਰ ਪ੍ਰਿੰਸੀਪਲ ਨਿਯੁਕਤ ਕੀਤਾ ਜਾਂਦਾ ਹੈ:-

| SR. NO | REFERENCE NUMBER | CANDIDATE NAME | FATHER NAME | PPSE CATEGORY NAME | STATION ALLOTED |
|---|---|---|---|---|---|
| 1. | 201364083 | Manjinder Kaur | Avtaar Singh Bhullar | General | GSSS Akbarpura, Distt. Sangrur |

ਸ੍ਰੀਮਤੀ ਮਨਜਿੰਦਰ ਕੌਰ ਬਸੀ ਲੈਕ, ਅੰਗਰੇਜੀ ਡਾਇਟ ਸੰਗਰੂਰ ਹੁਣ ਸਰਕਾਰੀ ਸੀਨੀ. ਸੈਕੰ., ਸਕੂਲ ਬਹਾਦਰਗੜ੍ਹ ਪਟਿਆਲਾ ਦੀਆਂ 02 ਸਲਾਨਾ ਤਰੱਕੀਆਂ ਭਵਿੱਖੀ ਅਸਰ ਸਮੇਤ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ ਦੇ ਹੁਕਮ ਨੰ. 15/44-2014ਅ1(3), ਮਿਤੀ: 28.08.2017 ਰਾਹੀਂ ਬੰਦ ਕਰਨ ਦੀ ਸਜਾ ਦਿੱਤੀ ਗਈ ਸੀ। ਕਰਮਚਾਰੀ ਦੀ ਸਜਾ ਦਾ ਅਸਰ ਮਿਤੀ 27.08.2019 ਨੂੰ ਖਤਮ ਹੁੰਦਾ ਹੈ। ਲੈਕਚਰਾਰ ਕਾਡਰ ਤੋਂ ਪ੍ਰਿੰਸੀਪਲ ਕਾਡਰ ਦੀ ਤਰੱਕੀ ਸਬੰਧੀ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ: 09.11.2017 ਵਿੱਚ ਸ੍ਰੀਮਤੀ ਮਨਜਿੰਦਰ ਕੌਰ ਬਸੀ ਲੈਕ, ਅੰਗਰੇਜ਼ੀ ਡਾਇਟ ਸੰਗਰੂਰ ਹੁਣ ਸਰਕਾਰੀ ਸੀਨੀ. ਸੈਕੰ. ਸਕੂਲ ਬਹਾਦਰਗੜ੍ਹ ਪਟਿਆਲਾ (ਸੀਨੀਆਰਤਾ ਨੰ. 2041) ਦੇ ਕੇਸ ਵਿਚਾਰਿਆ ਗਿਆ ਸੀ। ਉਸ ਸਮੇਂ ਕਰਮਚਾਰੀ ਵਿਰੁੱਧ ਦੋਸ਼ ਸੋਚੀ ਦਾ ਪ੍ਰਭਾਵ ਹੋਣ ਕਾਰਨ ਉਸ ਦਾ ਕੇਸ ਸੀਲਡ ਕਵਰ ਵਿੱਚ ਰੱਖਿਆ ਗਿਆ ਸੀ।

2. ਹੁਣ ਕਰਮਚਾਰੀ ਦੀ ਸਜਾ ਦਾ ਅਸਰ ਮਿਤੀ: 27.08.2019 ਨੂੰ ਖਤਮ ਹੋਣ ਕਾਰਨ, ਇਸ ਦਾ ਕੇਸ ਮਿਤੀ: 28.08.2019 ਤੋਂ ਬਤੌਰ ਪ੍ਰਿੰਸੀਪਲ ਦੀ ਤਰੱਕੀ ਲਈ ਵਿਚਾਰਿਆ ਜਾਂਦਾ ਹੈ।

3. ਉਪਰੋਕਤ ਉਮੀਦਵਾਰ ਦੀ ਨਿਯੁਕਤੀ ਪੰਜਾਬ ਐਜੂਕੇਸ਼ਨ ਸਰਵਸਿਜ (ਗਰੁੱਪ-ਏ) ਵਿੱਚ ਖਾਲੀ ਆਸਾਮੀ ਵਿਰੁੱਧ ਹੇਠ ਲਿਖਿਆਂ ਸ਼ਰਤਾਂ ਦੇ ਅਧਾਰ ਤੇ ਕੀਤੀ ਜਾਂਦੀ ਹੈ:-

(ੳ) ਇਹ ਨਿਯੁਕਤੀ ਬਿਲਕੁਲ ਆਰਜ਼ੀ ਹੋਵੇਗੀ। ਪੀ.ਈ.ਐਸ ਗਰੁੱਪ-ਏ ਦੀ ਸੀਨੀਆਰਤਾ ਬਾਅਦ ਵਿੱਚ ਨਿਰਧਾਰਿਤ ਕੀਤੀ ਜਾਵੇਗੀ।

(ਅ) ਇਸ ਅਧਿਕਾਰਨ ਦਾ ਪਰਖਕਾਲ ਤਿੰਨ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਤੋਂ ਪ੍ਰਵਾਨਗੀ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿੱਚ ਵਾਪਰੇ ਤੱਕ ਹੋਵੇਗਾ। ਪਰਖ ਕਾਲ ਦੇ ਸਮੇਂ ਦੌਰਾਨ ਇਸ ਨੂੰ ਤਨਖਾਹ ਸਕੇਲ ਦਾ ਕੇਵਲ ਪੇਅ-ਇੰਨ-ਪੇਅ ਬੈਂਡ ਮਿਲਣ ਯੋਗ ਹੋਵੇਗਾ।

(ੲ) ਸਰਕਾਰ ਵੱਲੋਂ ਨਿਯੁਕਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਨਿਯੁਕਤ ਉਮੀਦਵਾਰ ਲਈ ਮੰਨਣਯੋਗ ਹੋਵੇਗਾ।

(ਸ) ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਮੀਦਵਾਰ ਸਬੰਧਤ ਜਿਲ੍ਹਾ ਮੈਜਿਸਟਟ ਪਾਸੋਂ ਆਚਰਣ ਸਬੰਧੀ ਸਰਟੀਫਿਕੇਟ (ਪੁਲਿਸ ਵੈਰੀਫਿਕੇਸ਼ਨ) ਇੱਕ ਮਹੀਨੇ ਦੇ ਅੰਦਰ-ਅੰਦਰ ਪੇਸ਼ ਕਰੇਗਾ।

4. ਨਿਯੁਕਤ ਹੋਇਆ ਉਮੀਦਵਾਰ ਆਪਣੀ ਹਾਜ਼ਰੀ ਸੱਤ ਦਿਨਾਂ ਦੇ ਅੰਦਰ-ਅੰਦਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪਾਸ ਦੇਣੀ ਯਕੀਨੀ ਬਣਾਏਗਾ, ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਰੱਦ ਕਰ ਦਿੱਤੀ ਜਾਵੇਗੀ।

5. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਉਮੀਦਵਾਰ ਦੇ ਖਰਚੇ ਤੇ ਇਸ ਦੇ ਸਰਟੀਫਿਕੇਟ ਦੀ ਵੈਰੀਫਿਕੇਸ਼ਨ ਛੇ ਮਹੀਨਿਆਂ ਵਿੱਚ ਕਰਵਾਉਣਗੇ।

6. ਜੇਕਰ ਕਿਸੇ ਪੱਧਰ ਤੇ ਉਮੀਦਵਾਰ ਦਾ ਕੋਈ ਵੀ ਸਰਟੀਫਿਕੇਟ ਜਾਂ ਹੋਰ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਉਸਦੀ ਨਿਯੁਕਤੀ ਬਿਨ੍ਹਾਂ ਕਾਰਨ ਦੱਸੋਂ ਰੱਦ ਕਰ ਦਿੱਤੀ ਜਾਵੇਗੀ।

ਕ੍ਰਿਸ਼ਨ ਕੁਮਾਰ, ਆਈ.ਏ.ਐਸ,
ਸਕੱਤਰ, ਪੰਜਾਬ ਸਰਕਾਰ
ਸਿੱਖਿਆ ਵਿਭਾਗ (ਸਕੂਲਜ਼)

ਮਿਤੀ.ਚੰਡੀਗੜ੍ਹ
24-9-2020

ਪਿੱਠ ਅੰਕਣ ਨੰ. 5/66/2017-2ਸਿ4/ 3318-27

ਮਿਤੀ,ਚੰਡੀਗੜ੍ਹ: 25-09-2020

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਹਾਂਲੇਖਾਕਾਰ (ਏ ਐਂਡ ਈ), ਆਡਿਟ ਵਿੰਗ, ਪੰਜਾਬ, ਚੰਡੀਗੜ੍ਹ।
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।
5. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।
6. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
7. ਡਾਇਰੈਕਟਰ ਸਿੱਖਿਆ ਵਿਭਾਗ ਚੰਡੀਗੜ੍ਹ, ਪ੍ਰਸਾਸ਼ਨ, ਚੰਡੀਗੜ੍ਹ।
8. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
9. ਡੀ.ਐਮ/ਐਮ.ਆਈ.ਐਸ. ਵਿੰਗ ਦਫਤਰ ਡੀ.ਜੀ.ਐਸ.ਈ., ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤਾ ਜਾਵੇ।
10. ਸਬੰਧਤ ਉਮੀਦਵਾਰ।

ਸੁਪਰਡੰਟ